(5)

1

# ਪੰਡਿਤ ਚਰੰਜੀ ਲਾਲ ਸ਼ਰਮਾ ਸਰਕਾਰੀ ਕਾਲਜ, ਕਰਨਾਲ

## Programme Outcomes

### ਵਿਸ਼ਾ : ਪੰਜਾਬੀ (ਇਲੈਕਟਿਵ)

1 ਪੰਜਾਬੀ ਵਿਸ਼ੇ ਨੂੰ ਵਿਸ਼ੇ ਵਜੋਂ ਰੱਖ ਕੇ ਐਚ. ਐਸ. ਐਸ. ਸੀ. ਯੂ. ਪੀ. ਐਸ. ਸੀ, ਜਿਹੀ ਪਰਿਖੀਆਵਾਂ ਲਈ ਵਿਦਿਆਰਥੀਆਂ ਨੂੰ ਨਵੇਂ-ਨਵੇਂ ਰਾਹ ਪ੍ਰਾਪਤ ਹੁੰਦੇ ਹਨ।

2 ਕਈ ਵਿਦਿਆਰਥੀ ਇਸ ਅਮੀਰ ਸਾਹਿਤ ਨੂੰ ਪੜ, ਸੁਣ ਕੇ ਵੱਡੇ ਨਾਮਵਰ ਲੇਖਕ, ਕਵੀ ਜਾ ਗਲਪਕਾਰ ਬਣਦੇ ਹਨ। ਜਿਨ੍ਹਾਂ ਦਾ ਸਮਾਜ ਵਿਚ ਇਕ ਅਹਿਮ ਤੇ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

3 ਆਧੁਨਿਕ ਪੰਜਾਬੀ ਕਵੀਆਂ ਅਤੇ ਉਨ੍ਹਾਂ ਦੁਆਰਾ ਰਚਿਤ ਕਵਿਤਾ ਦਾ ਗਿਆਨ ਵਿਦਿਆਰਥੀਆਂ ਨੂੰ ਕਰਾ ਕੇ ਉਨ੍ਹਾਂ ਨੂੰ ਆਧੁਨਿਕ ਪੰਜਾਬੀ ਕਵਿਤਾ ਅਤੇ ਵਿਭਿੰਨ ਕਾਵਿ-ਧਾਰਾਵਾਂ ਨਾਲ ਜੋੜਿਆ ਗਿਆ ਤਾਂ ਜੋ ਵਿਦਿਆਰਥੀ ਆਧੁਨਿਕ ਕਵਿਤਾ ਦਾ ਸਰੂਪ ਸਮਝ ਸਮਣ ਅਤੇ ਕਵਿਤਾ ਸਿਰਜਣ ਜਾਂ ਰਚੀ ਜਾ ਰਹੀ ਕਵਿਤਾ ਦੀ ਸਮੀਖਿਆ ਵਿਚ ਆਪਣਾ ਬਣਦਾ ਯੋਗਦਾਨ ਪਾ ਸਕਣ।

4 ਪੰਜਾਬੀ ਸਾਹਿਤ ਦੇ ਇਤਿਹਾਸ ਦੀ ਜਾਣਕਾਰੀ ਰਾਹੀਂ ਵਿਦਿਆਰਥੀ ਪੂਰਨ ਰੂਪ ਵਿਚ ਪੰਜਾਬੀ ਖੋਜ ਕਾਰਜ਼ ਲਈ ਤਿਆਰ ਹੁੰਦੇ ਹਨ।

5 ਪੰਜਾਬੀ ਸਾਹਿਤ ਦੇ ਗਹਿਨ ਅਧਿਐਨ ਰਾਹੀਂ ਵਿਦਿਆਰਥੀ ਲੋਕਾਂ ਨੂੰ ਮੱਧਕਾਲੀਨ ਸਾਹਿਤ ਦਾ ਪ੍ਰਯੋਜਨ ਸਮਝਾ ਸਕਦੇ ਹਨ।

6 ਪ੍ਰਚਲਿਤ ਗੁਰਬਾਣੀ ਨੂੰ ਮਹਿਜ਼ ਧਰਮ-ਖੇਤਰ ਤੱਕ ਸੀਮਿਤ ਨਾ ਰੱਖ ਕੇ ਵਿਦਿਆਰਥੀ ਉਸਦੇ ਸਮਾਜਿਕ ਅਤੇ ਵਿਗਿਆਨਕ ਅਰਥ ਲੋਕਾਂ ਨੂੰ ਸਮਝਾ ਸਕਦੇ ਹਨ।

7 ਅਧਿਆਪਨ ਖੇਤਰ ਵਿਚ ਆਉਣ ਲਈ ਵਿਦਿਆਰਥੀ ਤਿਆਰ ਹੁੰਦੇ ਹਨ।

Principal
Pt. C.L.S Govt. College
KARNAL

8 ਪੰਜਾਬੀ ਟਾਈਪ ਲਈ ਵੀ ਉੱਘੀ ਜਾਣਕਾਰੀ ਮਿਲਦੀ ਹੈ ਅਤੇ ਵਿਦਿਆਰਥੀ ਸ਼ੁਧ ਪੰਜਾਬੀ ਲਿਖਣ ਵਿਚ ਮੁਹਾਰਤ ਹਾਸਿਲ ਕਰਦੇ ਹਨ ਜੋ ਰੁਜ਼ਗਾਰ ਦਾ ਇਕ ਵਧੀਆ ਸਾਧਨ ਬਣ ਸਕਦਾ ਹੈ।

9 ਨਾਟਕ ਅਤੇ ਰੰਗਮੰਚ ਦੇ ਗਿਆਨ ਰਾਹੀਂ ਵਿਦਿਆਰਥੀਆਂ ਨੂੰ ਥਿਏਟਰ ਵੱਲ ਜਾਣ ਦੀ ਪ੍ਰੇਰਣਾ ਮਿਲਦੀ ਹੈ।

10 ਅਨੁਵਾਦ ਦੀ ਸਿੱਖਿਆ ਰਾਹੀਂ ਵਿਦਿਆਰਥੀ ਦੂਜਿਆਂ ਭਾਸ਼ਾਵਾਂ ਦੀਆਂ ਪੁਸਤਕਾਂ ਪੰਜਾਬੀ ਵਿਚ ਅਤੇ ਪੰਜਾਬੀ ਦੀਆਂ ਪੁਸਤਕਾਂ ਦੂਜਿਆਂ ਭਾਸ਼ਾਵਾਂ ਵਿਚ ਅਨੁਵਾਦ ਕਰ ਸਕਦੇ ਹਨ।

11 ਛੰਦਾਂ ਅਤੇ ਅਲੰਕਾਰਾਂ ਦੇ ਗਿਆਨ ਨਾਲ ਵਿਦਿਆਰਥੀ ਕਵਿਤਾ ਸਿਰਜਣ ਵੱਲ ਵੀ ਪ੍ਰੇਰਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਕਵਿਤਾ ਵਿਚ ਨਿਖ਼ਾਰ ਆਉਂਦਾ ਹੈ।

**Programme Specific Outcomes**

1 ਰੇਡੀਓ, ਟੀ.ਵੀ. ਅਤੇ ਸੰਗੀਤ ਦੇ ਖੇਤਰ ਵਿਚ ਵਿਦਿਆਰਥੀ ਇਕ ਬੁਲਾਰੇ ਦੇ ਤੌਰ ਤੇ ਇਕ ਐਂਕਰ ਜਾ ਅਦਾਕਾਰ ਦੇ ਤੌਰ ਤੇ ਸੰਗੀਤ ਵਿਚ ਇਕ ਗੀਤਕਾਰ ਦੇ ਤੌਰ ਤੇ ਆਪਣਾ ਨਾਂ ਅਤੇ ਰੁਜਗਾਰ ਬਣਾ ਸਕਦੇ ਹਨ।

2 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਬਾਣੀ ਹਰ ਕਾਲ ਵਿਚ ਪ੍ਰਾਸੰਗਿਕ ਹੈ। ਇਹ ਬਾਣੀ ਇਕ ਅਜਿਹੇ ਆਦਰਸ਼ ਮਨੁੱਖ ਦਾ ਮਾਡਲ ਪੇਸ਼ ਕਰਦੀ ਹੈ ਜਿਸਨੂੰ ਅਪਣਾ ਕੇ ਅਜੋਕੇ ਦੌਰ/ਸਮੇਂ ਦਾ ਮਨੁੱਖ ਵੀ ਆਪਣੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਨਿਜਾਤ ਪਾ ਸਕਦਾ ਹੈ।

3 ਅਧਿਆਪਨ ਅਤੇ ਖੋਜ ਕਾਰਜ ਦੇ ਖੇਤਰ ਵਿਚ ਵੀ ਪੰਜਾਬੀ ਭਾਸ਼ਾ ਦਾ ਭਵਿੱਖ ਸੁਨਿਹਰੀ ਹੈ।

4 ਹਰਿਆਣਾ ਵਿਚ ਪੰਜਾਬੀ ਭਾਸ਼ਾ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਕਰ ਚੁੱਕੀ ਹੈ। ਇਸ ਪੱਖੋਂ ਵੀ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਸੁਨਿਹਰੀ ਮੌਕ ਮਿਲਣਗੇ।

Principal
Pt. C.L.S Govt. College
KARNAL

5 ਹਰਿਆਣਾ ਵਿਚ ਪੰਜਾਬੀ ਬੋਲਣ ਅਤੇ ਲਿਖਣ ਵਾਲੇ ਵਿਅਕਤੀ ਤਾਂ ਬਹੁਤ ਹਨ ਪਰ ਟਾਈਪ ਕਰਨ ਵਾਲੇ ਹੱਥਾਂ ਦੀਆਂ ਉਂਗਲਿਆਂ ਤੋਂ ਵੀ ਘੱਟ ਹਨ। ਇਸ ਖੇਤਰ ਵਿਚ ਵੀ ਵਿਦਿਆਰਥੀ ਵਧੀਆ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

6 ਕਈ ਪ੍ਰਤਿਯੋਗਿਤਾ ਪ੍ਰੀਖਿਆਵਾਂ ਵਿਚ ਵੀ ਪੰਜਾਬੀ ਭਾਸ਼ਾ ਆਪਣੀ ਥਾਂ ਬਣਾ ਚੁੱਕੀ ਹੈ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਵਿਅਕਤੀ ਵਿਦੇਸ਼ਾਂ ਵਿਚ ਵੀ ਆਪਣੀ ਚੰਗੀ ਪਹਿਚਾਣ ਬਣਾ ਰਹੇ ਹਨ।

7 ਅਨੁਵਾਦ, ਫਿਲਮ ਅਤੇ ਮੀਡਿਆ ਦੇ ਖ਼ੇਤਰ ਵਿੱਚ ਵੀ ਪੰਜਾਬੀ ਭਾਸ਼ਾ ਦੇ ਜਾਣੂ ਵਿਅਕਤੀ ਚੰਗੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰ ਰਹੇ ਹਨ।

Principal
Pt. C.L.S Govt. College
KARNAL

4

(4)

## Course Outcomes

### ਵਿਸ਼ਾ : ਪੰਜਾਬੀ (ਇਲੈਕਟਿਵ)

**ਸਮੈਸਟਰ ਪਹਿਲਾ :**

1 'ਕਾਵਿ-ਨਾਦ' ਪੁਸਤਕ ਵਿਚ ਸ਼ਾਮਿਲ ਕਵੀਆਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਅਤੇ ਕਾਵਿ ਧਾਰਾਵਾਂ ਨਾਲ ਜੋੜਿਆ ਗਿਆ ।

2 ਇਸ ਪੁਸਤਕ ਵਿਚ ਸ਼ਾਮਿਲ ਕਵਿਤਾਵਾਂ ਵਿਦਿਆਰਥੀਆਂ ਨੂੰ ਰਹੱਸਵਾਦ, ਪ੍ਰਕ੍ਰਿਤੀ, ਦੇਸ਼, ਕੌਮ ਅਤੇ ਭਾਸ਼ਾ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਜੋੜਦੀਆਂ ਹਨ।

3 ਵਿਦਿਆਰਥੀਆਂ ਨੂੰ ਕਵਿਤਾ ਵਿਚ ਪੇਸ਼ ਵਿਸ਼ਾ-ਵਸਤੂ ਅਤੇ ਕਾਵਿ-ਕਲਾ ਦਾ ਗਿਆਨ ਕਰਾਉਂਦੇ ਹੋਏ ਉਨ੍ਹਾਂ ਦਾ ਬੌਧਿਕ ਵਿਕਾਸ ਕਰਨ ਦਾ ਪ੍ਰਯਾਸ ਕੀਤਾ ।

4 ਪੰਜਾਬੀ ਗਲਪ ਦੇ ਪਿਤਾਮਾ ਨਾਨਕ ਸਿੰਘ ਦੇ ਸਾਹਿਤਕ ਜੀਵਨ ਅਤੇ ਉਨ੍ਹਾਂ ਦੁਆਰਾ ਰਚਿਤ ਮਨੋਵਿਗਿਆਨਕ ਨਾਵਲ 'ਪਵਿੱਤਰ-ਪਾਪੀ' ਦਾ ਵਿਸ਼ਾਗਤ ਅਤੇ ਕਲਾਗਤ ਅਧਿਐਨ ਦੀ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ਗਈ ।

5 'ਪਵਿੱਤਰ ਪਾਪੀ' ਨਾਵਲ ਦੇ ਨਾਇਕ 'ਕਿਦਾਰ' ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਆਦਰਸ਼ਵਾਦੀ ਮਨੁੱਖ ਬਣਨ ਲਈ ਪ੍ਰੇਰਿਤ ਕੀਤਾ ਗਿਆ ।

6 ਦਫ਼ਤਰੀ ਚਿੱਠੀ-ਪੱਤਰ ਦੀ ਜਾਣਕਾਰੀ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਭਾਗਾਂ ਵਿਚ ਚਿੱਠੀ-ਪੱਤਰ ਲਿਖਣ ਦਾ ਗਿਆਨ ਪ੍ਰਦਾਨ ਕੀਤਾ।

7 ਮੁਹਾਵਰਿਆਂ ਰਾਹੀਂ ਵਿਦਿਆਰਥੀਆਂ ਨੂੰ ਬੋਲਚਾਲ ਅਤੇ ਭਾਸ਼ਾ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਜਾਣਕਾਰੀ ਦਿੱਤੀ ਗਈ ।

Principal
Pt. C.L.S Govt. College
KARNAL

8 ਸ਼ੁੱਧ-ਅਸ਼ੁੱਧ ਸ਼ਬਦਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਸ਼ੁੱਧਤਾ ਦਾ ਬੋਧ ਕਰਾਇਆ ਗਿਆ ਅਤੇ ਪ੍ਰਬੰਧਕੀ ਸ਼ਬਦਾਵਲੀ ਰਾਹੀਂ ਵਿਦਿਆਰਥੀਆਂ ਦੇ ਸ਼ਬਦ-ਗਿਆਨ ਵਿਚ ਵਾਧਾ ਕੀਤਾ ।

**ਸਮੈਸਟਰ ਦੂਸਰਾ**

1 'ਕਾਵਿ-ਨਾਦ' ਪੁਸਤਕ ਵਿਚ ਸ਼ਾਮਿਲ ਕਵੀਆਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੀ ਰੁਮਾਂਸਵਾਦੀ ਪ੍ਰਗਤੀਵਾਦੀ ਆਦਿ ਕਾਵਿਧਾਰਾਵਾਂ ਨਾਲ ਜੋੜਿਆ ਗਿਆ ।

2 ਇਸ ਪੁਸਤਕ ਵਿਚ ਦਰਜ਼ ਕਵਿਤਾਵਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਪਿਆਰ, ਨਾਰੀ-ਸੰਵੇਦਨਾ, ਪ੍ਰਗਤੀਵਾਦ ਆਦਿ ਵਿਸ਼ਿਆਂ ਦਾ ਬੋਧ ਕਰਾਉਂਦੇ ਹੋਏ ਕਵਿਤਾ ਦੇ ਕਲਾ-ਪੱਖ ਨਾਲ ਜੋੜਿਆ ।

3 'ਇਕਾਂਗੀ ਬਹੁਰੰਗੀ' ਪੁਸਤਕ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਨਾਟਕ ਅਤੇ ਰੰਗਮੰਚ ਨਾਲ ਜੋੜਿਆ ਅਤੇ ਪ੍ਰਸਿੱਧ ਇਕਾਂਗੀਕਾਰਾਂ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਦਾ ਗਿਆਨ ਕਰਾਇਆ ।

4 ਇਕਾਂਗੀਆਂ ਦੇ ਅਧਿਐਨ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਸਮਾਜ, ਸਭਿਆਚਾਰ ਅਤੇ ਕਿਸਾਨੀ ਜੀਵਨ ਨਾਲ ਜੁੜੀਆਂ ਸਮੱਸਿਆਵਾਂ ਤੋਂ ਅਵਗਤ ਕਰਾਇਆ ।

5 ਇਕਾਂਗੀ ਦੇ ਕਲ਼ਾਤਮਕ ਅਧਿਐਨ ਦੇ ਵਿਭਿੰਨ ਪੱਖਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਾਇਆ ।

6 ਨਿੱਜੀ ਚਿੱਠੀ ਪੱਤਰ ਦਾ ਗਿਆਨ ਵਿਦਿਆਰਥੀਆਂ ਨੂੰ ਕਰਾ ਕੇ ਪੱਤਰ-ਲੇਖਨ ਦੀ ਸ਼ੈਲੀ ਦਾ ਬੋਧ ਕਰਾਇਆ ।

7 ਅਖਾਣ ਦੇ ਗਿਆਨ ਰਾਹੀਂ ਵਿਦਿਆਰਥੀਆਂ ਦੀ ਚਿੰਤਨ ਸ਼ਕਤੀ ਵਿਚ ਵਾਧਾ ਕਰਨ ਦਾ ਪ੍ਰਯਾਸ ਕੀਤਾ ।

8 ਸ਼ੁਧ ਅਸ਼ੁਧ ਵਾਕ ਦੀ ਜਾਣਕਾਰੀ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਸ਼ੁਧਤਾ ਦਾ ਗਿਆਨ ਕਰਾਉਂਦੀ ਹੈ।

Principal
Pt. C.L.S Govt. College
KARNAL

9 ਪ੍ਰਬੰਧਕੀ ਸ਼ਬਦਾਵਲੀ ਰਾਹੀਂ ਵਿਦਿਆਰਥੀਆਂ ਦੇ ਸ਼ਬਦ-ਗਿਆਨ ਵਿਚ ਵਾਧਾ ਕੀਤਾ ।

**ਸਮੈਸਟਰ ਤੀਸਰਾ :**

1 'ਕਾਵਿ-ਤਰੰਗਾਂ' ਪੁਸਤਕ ਵਿਚ ਸ਼ਾਮਿਲ ਕਵੀਆਂ ਦੇ ਸਾਹਿਤਕ ਜੀਵਨ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਪੰਜਾਬੀ ਸੂਫ਼ੀ, ਕਿੱਸਾ ਅਤੇ ਬੀਰ ਕਵਿਤਾ ਤੋਂ ਜਾਣੂ ਕਰਾਇਆ ।

2 'ਕਾਵਿ-ਤਰੰਗਾਂ' ਵਿਚ ਦਰਜ਼ ਕਵਿਤਾਵਾਂ ਰਾਹੀਂ ਵਿਦਿਆਰਥੀਆਂ ਨੂੰ ਅਧਿਆਤਮ, ਪ੍ਰੇਮ ਅਤੇ ਵੀਰਤਾ ਦੇ ਵਿਸ਼ਿਆਂ ਨਾਲ ਜੋੜ ਕੇ ਇਨ੍ਹਾਂ ਕਵਿਤਾਵਾਂ ਦੇ ਕਾਵਿ-ਸੁਹਜ ਦਾ ਬੋਧ ਕਰਾਇਆ ।

3 'ਕਥਾ ਯਾਤਰਾ' ਕਹਾਣੀ ਸੰਗ੍ਰਹਿ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਪੰਜਾਬੀ ਕਹਾਣੀ ਦੀ ਬਣਤਰ ਅਤੇ ਵਿਚਾਰਧਾਰਾ ਤੋਂ ਜਾਣੂ ਕਰਾਇਆ ।

4 'ਕਥਾ-ਯਾਤਰਾ' ਵਿਚ ਸ਼ਾਮਿਲ ਕਹਾਣੀਕਾਰਾਂ ਦੀ ਸਾਹਿਤਕ ਦੇਣ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਅਤੇ ਉਨ੍ਹਾਂ ਦੁਆਰਾ ਰਚਿਤ ਕਹਾਣੀਆਂ ਨੂੰ ਆਧਾਰ ਬਣਾ ਕੇ ਸਮਾਜ ਵਿਚ ਵਿਆਪਤ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੈਤਿਕ ਸਮੱਸਿਆਵਾਂ ਨਾਲ ਵਿਦਿਆਰਥੀਆਂ ਨੂੰ ਰੂ-ਬ-ਰੂ ਕਰਾਉਂਦੇ ਹੋਏ ਇਨ੍ਹਾਂ ਦੇ ਹੱਲ ਖੋਜਣ ਲਈ ਪ੍ਰੇਰਿਤ ਕੀਤਾ ।

5 ਨਿਬੰਧ ਦੇ ਗਿਆਨ ਰਾਹੀਂ ਵਿਦਿਆਰਥੀਆਂ ਵਿਚ ਕਿਸੇ ਵੀ ਵਿਸ਼ੇ ਬਾਰੇ ਖੁੱਲ੍ਹ ਕੇ ਚਰਚਾ ਕਰਨ ਦੀ ਸ਼ੈਲੀ ਨੂੰ ਵਿਕਸਿਤ ਕਰਨ ਦਾ ਪ੍ਰਯਾਸ ਕੀਤਾ ।

6 'ਛੰਦ' ਦੇ ਗਿਆਨ ਰਾਹੀਂ ਵਿਦਿਆਰਥੀਆਂ ਨੂੰ ਕਵਿਤਾ ਨੂੰ ਲੈਅਮਈ ਅਤੇ ਰਵਾਨਗੀ ਭਰਪੂਰ ਬਣਾਉਣ ਦੀ ਵਿਧੀ ਸਿਖਾਉਣ ਦਾ ਪ੍ਰਯਾਸ ਕੀਤਾ ।

Principal
Pt. C.L.S Govt. College
KARNAL

7 ਸ਼ਬਦ ਜੁੱਟ ਅਤੇ ਸਾਹਿਤਕ ਸ਼ਬਦਾਵਲੀ ਰਾਹੀਂ ਵਿਦਿਆਰਥੀਆਂ ਦੇ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਦੇ ਗਿਆਨ ਵਿਚ ਵਾਧਾ ਕੀਤਾ ।

**ਸਮੈਸਟਰ ਚੌਥਾ :**

1 'ਕਾਵਿ ਤਰੰਗਾਂ' ਪੁਸਤਕ ਵਿਚ ਸ਼ਾਮਿਲ ਕਵੀਆਂ ਅਤੇ ਉਨ੍ਹਾਂ ਦੁਆਰਾ ਰਚਿਤ ਕਵਿਤਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਪੰਜਾਬੀ ਸੂਫ਼ੀ, ਕਿੱਸਾ ਅਤੇ ਬੀਰ ਕਾਵਿਧਾਰਾ ਨਾਲ ਜੋੜਦੇ ਹੋਏ ਇਨ੍ਹਾਂ ਕਾਵਿਧਾਰਾਵਾਂ ਦੀ ਵਿਚਾਰਧਾਰਾ ਅਤੇ ਕਾਵਿ-ਕਲਾ ਦੀ ਜਾਣਕਾਰੀ ਪ੍ਰਦਾਨ ਕੀਤੀ ।

2 ਪੰਜਾਬੀ ਸਾਹਿਤ ਦਾ ਇਤਿਹਾਸ (1701 ਤੋਂ 1850 ਤੱਕ) ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਰਾਜਨੀਤਿਕ, ਸਮਾਜਿਕ, ਸਾਹਿਤਕ ਵਿਰਸੇ ਤੋਂ ਜਾਣੂ ਕਰਾਇਆ ।

3 1701 ਤੋਂ 1850 ਈ. ਤੱਕ ਰਚੇ ਗਏ ਪੰਜਾਬੀ ਸੂਫ਼ੀ, ਕਿੱਸਾ, ਬੀਰ ਅਤੇ ਗੱਦ ਸਾਹਿਤ ਨਾਲ ਜੋੜਦੇ ਹੋਏ ਇਨ੍ਹਾਂ ਵਿਧਾਵਾਂ ਦੇ ਵਿਕਾਸ ਵਿਚ ਯੋਗਦਾਨ ਪਾਉਣ ਵਾਲੇ ਲੇਖਕਾਂ ਤੋਂ ਜਾਣੂ ਕਰਾਇਆ ।

4 'ਪੈਰ੍ਹਾ' ਰਚਨਾ ਰਾਹੀਂ ਵਿਦਿਆਰਥੀਆਂ ਨੂੰ ਕਿਸੇ ਵੀ ਵਿਸ਼ੇ ਤੇ ਖੁੱਲ੍ਹ ਕੇ ਚਿੰਤਨ ਕਰਨ ਅਤੇ ਲਿਖਣ ਦੀ ਕਲਾ ਤੋਂ ਜਾਣੂ ਕਰਾਇਆ ।

5 ਕਵਿਤਾ ਦੀ ਸੁੰਦਰਤਾ ਵਧਾਉਣ ਅਤੇ ਉਸ ਵਿਚ ਛਿੱਪੇ ਅਰਥਾਂ ਨੂੰ ਸਮਝਣ ਲਈ ਅਲੰਕਾਰਾਂ ਦੇ ਮਹੱਤਵ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ।

6 ਬਹੁਤੇ ਸ਼ਬਦਾਂ ਲਈ ਇਕ ਸ਼ਬਦ ਅਤੇ ਸਾਹਿਤਕ ਸ਼ਬਦਾਵਲੀ ਰਾਹੀਂ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਵਿਚ ਵਾਧਾ ਕੀਤਾ ।

**ਸਮੈਸਟਰ ਪੰਜਵਾਂ :**

1 'ਕਾਵਿ-ਜੋਤਾਂ' ਵਿਚ ਸ਼ਾਮਿਲ ਕਵੀਆਂ ਦੇ ਸਾਹਿਤਕ ਜੀਵਨ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਅਤੇ ਇਨ੍ਹਾਂ ਦੁਆਰਾ ਰਚਿਤ ਕਵਿਤਾਵਾਂ ਨੂੰ

Principal
Pt. C.L.S Govt. College
KARNAL

ਆਧਾਰ ਬਣਾ ਕੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੀ ਗੁਰਮਤਿ, ਸੂਫ਼ੀ, ਕਿੱਸਾ ਅਤੇ ਬੀਰ ਕਵਿਤਾ ਨਾਲ ਜੋੜਿਆ ।

2 'ਗੱਦ ਦਰਪਣ' ਵਿਚ ਸ਼ਾਮਿਲ ਨਿਬੰਧਕਾਰਾਂ ਦੇ ਸਾਹਿਤਕ ਜੀਵਨ ਦੀ ਪੜਚੋਲ ਕਰਾ ਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਰਚਿਤ ਨਿਬੰਧ ਦੇ ਵਿਸ਼ੇ-ਵਸਤੂ ਅਤੇ ਸਾਹਿਤਕ-ਮੁਲਾਂਕਣ ਦਾ ਬੋਧ ਕਰਾਇਆ ।

3 'ਕਾਵਿ-ਰੂਪ' ਦੇ ਅੰਤਰਗਤ ਮੱਧਕਾਲੀਨ ਪੰਜਾਬੀ ਕਾਵਿ ਦੇ ਵਿਭਿੰਨ ਕਾਵਿ-ਰੂਪ ਦੀ ਬਣਤਰ ਦਾ ਗਿਆਨ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ।

4 ਅਨੁਵਾਦ ਦੇ ਅੰਤਰਗਤ ਵਿਦਿਆਰਥੀਆਂ ਨੂੰ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕਰਨਾ ਸਿਖਾਇਆ ।

5 ਵਿਪਰੀਤ ਅਰਥਕ ਸ਼ਬਦਾਂ ਦੇ ਗਿਆਨ ਰਾਹੀਂ ਵਿਦਿਆਰਥੀਆਂ ਦੀ ਚਿੰਤਨ ਸ਼ਕਤੀ ਨੂੰ ਵਧਾਉਣ ਦਾ ਪ੍ਰਯਾਸ ਕੀਤਾ ।

**ਸਮੈਸਟਰ ਛੇਵਾਂ :**

1 'ਕਾਵਿ-ਜੋਤਾਂ' ਵਿਚ ਸ਼ਾਮਿਲ ਕਵੀਆਂ ਦੁਆਰਾ ਰਚਿਤ ਕਵਿਤਾ ਨੂੰ ਆਧਾਰ ਬਣਾ ਕੇ ਉਨ੍ਹਾਂ ਦੁਆਰਾ ਪੰਜਾਬੀ ਸਾਹਿਤ ਦੀ ਗੁਰਮਤਿ, ਸੂਫ਼ੀ, ਕਿੱਸਾ ਅਤੇ ਬੀਰ ਕਾਵਿ ਵਿਚ ਪਾਏ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ।

2 ਇਸ ਪੁਸਤਕ ਵਿਚ ਸ਼ਾਮਿਲ ਕਵਿਤਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਅਧਿਆਤਮਵਾਦ, ਰਹੱਸਵਾਦ, ਇਸ਼ਕ ਹਕੀਕੀ ਅਤੇ ਬੀਰਤਾ ਲਈ ਪ੍ਰੇਰਿਤ ਕੀਤਾ ।

3 ਪੰਜਾਬੀ ਸਾਹਿਤ ਦਾ ਇਤਿਹਾਸ (ਆਰੰਭ ਤੋਂ 1700 ਤੱਕ) ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਆਦਿ ਕਾਲ ਵਿਚ ਰਚਿਤ ਪੰਜਾਬੀ ਸਾਹਿਤ ਦੀ ਵਿਭਿੰਨ ਧਾਰਾਵਾਂ ਦਾ ਅਧਿਐਨ ਕਰਾਇਆ ।

4 ਮੱਧਕਾਲ ਵਿਚ ਰਚਿਤ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਕਿੱਸਾ-ਕਾਵਿ, ਬੀਰ-ਕਾਵਿ ਅਤੇ ਵਾਰਤਕ ਤੋਂ ਜਾਣੂ ਕਰਾਇਆ ।

Principal
Pt. C.L.S Govt. College
KARNAL

5 ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ ।

6 ਮੱਧਕਾਲ/ਮੁਗਲ ਕਾਲ ਨੂੰ ਪੰਜਾਬੀ ਸਾਹਿਤ ਦਾ 'ਸੁਨਿਹਰੀ ਕਾਲ ਕਿਉਂ ਕਿਹਾ ਜਾਂਦਾ ਹੈ, ਬਾਰੇ ਜਾਣੂ ਕਰਾਇਆ ।

7 ਆਧੁਨਿਕ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਦੀ ਬਣਤਰ ਬਾਰੇ ਚਰਚਾ ਕੀਤੀ ।

8 ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ।

9 ਵਚਨ ਅਤੇ ਲਿੰਗ ਦੇ ਗਿਆਨ ਰਾਹੀਂ ਪੰਜਾਬੀ ਭਾਸ਼ਾ ਦੀ ਸਹੀ ਵਰਤੋਂ ਦਾ ਵਿਦਿਆਰਥੀਆਂ ਨੂੰ ਅਧਿਐਨ ਕਰਾਇਆ ।

**ਡਾ. ਦੇਵਿੰਦਰ ਬੀਬੀਪੁਰੀਆ**
ਅਸਿਸਟੈਂਟ ਪ੍ਰੋਫੈਸਰ (ਪੰਜਾਬੀ)
ਪੰਡਿਤ ਚਰੰਜੀ ਲਾਲ ਸ਼ਰਮਾ
ਸਰਕਾਰੀ ਕਾਲਜ, ਕਰਨਾਲ

Principal
Pt. C.L.S Govt. College
KARNAL